# ਦਫਤਰ ਜਿਲਾ ਮੈਜਿਸਟਰੇਟ, ਜਲੰਧਰ
## Office of the District Magistrate
Jalandhar (Punjab)

No. ..........................

Date ..........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in


| ਸਕੰਲਿਤ ਹੁਕਮ | Consolidated Orders |
|---|---|
| ਕੋਵਿਡ-19 (ਕੋਰੋਨਾ ਵਾਇਰਸ) ਦੀ ਬੀਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬੀਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ. 3062-85 / ਐਮ.ਸੀ.4/ਐਮ.ਏ ਮਿਤੀ 23.03.2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਅਗਲੇ ਹੁਕਮਾਂ ਤੱਕ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।<br><br>ਇਸ ਦੌਰਾਨ ਆਮ ਲੋਕਾਂ ਦੀਆਂ ਮੁਢਲੀਆਂ ਜਰੂਰਤਾਂ ਨੂੰ ਮੁੱਖ ਰਖਦੇ ਹੋਏ ਸਮੇਂ-ਸਮੇਂ ਤੇ ਜਾਰੀ ਹੁਕਮਾਂ ਰਾਹੀਂ ਛੋਟਾਂ ਦਿਤੀਆਂ ਗਈਆਂ ਸਨ। ਜਿਨ੍ਹਾਂ ਦਾ ਸਕੰਲਿਤ ਰੂਪ ਵਿੱਚ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br>**1. ਕਰਮਚਾਰੀ/ਅਧਿਕਾਰੀ:**<br>a. ਪੁਲਿਸ ਵਿਭਾਗ<br>b. ਯੂਨੀਫਾਰਮ ਵਿੱਚ ਮਿਲਟਰੀ ਅਤੇ ਪੈਰਾ ਮਿਲਟਰੀ<br>c. ਆਨ ਡਿਊਟੀ ਹੋਮ ਗਾਰਡ ਅਤੇ ਜਿਲ੍ਹਾਂ ਮੈਜਿਸਟਰੇਟ ਵਲੋਂ ਜਿਨ੍ਹਾਂ ਨੂੰ ਕਰਫਿਊ ਪਾਸ ਜਾਰੀ ਕੀਤਾ ਗਿਆ ਹੋਵੇ।<br>d. ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ<br>e. ਬੀ.ਐਸ.ਐਨ.ਐਲ ਅਤੇ ਹੋਰ ਟੈਲੀਕਾਮ ਕੰਪਨੀਆਂ<br>f. ਨਗਰ ਨਿਗਮ ਦਾ ਸੈਨੀਟੇਸ਼ਨ ਵਿਭਾਗ<br>g. ਵੇਰਕਾ ਮਿਲਕ ਪਲਾਂਟ<br><br>**2. ਵਹੀਕਲਜ਼:**<br>a. ਪੰਜਾਬ ਅਤੇ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਦੀਆਂ ਸਾਰੀਆਂ ਆਨ ਡਿਊਟੀ ਗੱਡੀਆ<br>b. ਦੁੱਧ ਵਾਲੀਆਂ ਗੱਡੀਆਂ, ਸਾਈਕਲ, ਮੋਟਰਸਾਇਕਲ, ਰੇਹੜਾ<br>c. ਅਨਾਜ, ਕਣਕ,ਚੌਲ,ਦਾਲਾਂ,ਖਾਣ ਪੀਣ ਦੇ ਸਮਾਨ ਦੀਆਂ ਗਡੀਆਂ,ਟਰੇਨਾਂ<br>d. ਸਬਜੀਆਂ, ਫੱਲ ਦੀਆਂ ਗੱਡੀਆਂ, ਰੇਹੜੀਆਂ, ਰਿਕਸ਼ਾ, ਥ੍ਰੀ-ਵੀਹਲਰ | COVID-19 (Corona virus) disease has spread worldwide, which has also been declared as pandemic by the government and it has started spreading in India as well. There is an urgent need to take preventive steps against this disease. In this regard, Curfew Orders have been issued vide this office letter no. 3062-85/MC.4/MA dated 23.03.2020 till furthers orders in the district Jalandhar.<br><br>Meanwhile, exemptions were issued from time to time, keeping in mind the basic needs of the general public. The consolidated details of these are as follows:-<br>**1. Employee / Officer:**<br>a. Police Department<br>b. Military and Para-military in uniform<br>c. On Duty Home Guard and Curfew Pass issued by the District Magistrate.<br>d. PSPCL / PSTCL<br>e. BSNL and other telecom companies<br>f. Municipal Corporation Sanitation Department<br>g. Verka Milk Plant<br><br>**2. Vehicles:**<br>a. On duty vehicles of all departments of Punjab and Central Government<br>b. Milk carrying vehicles like Bicycles, motorcycles etc.<br>c. Vehicles and Trains carrying Cereals, Wheat, Rice, Pulses, Foodstuffs etc.<br>d. Vehicles/Rickshaws/Three-Wheelers Carrying Vegetables, Fruit, etc. |

e. ਬ੍ਰੈਡ,ਬੇਕਰੀ,ਰਸ, ਬਿਸਕਿਟ ਦੀਆਂ ਗੱਡੀਆਂ

f. ਐਲ.ਪੀ.ਜੀ. ਗੈਸ ਦੀ ਸਪਲਾਈ ਕਰਨ ਵਾਲੀਆਂ ਗੱਡੀਆਂ

g. ਪੈਟਰੋਲ,ਡੀਜਲ ਸਪਲਾਈ ਵਾਲੀਆਂ ਗੱਡੀਆਂ

h. ਪਸ਼ੂਆਂ ਦੇ ਚਾਰੇ,ਕੈਟਲ ਫੀਡ ਵਾਲੀਆਂ ਗੱਡੀਆਂ

i. ਪੋਲਟਰੀ ਮੁਰਗੀਆਂ, ਮੁਰਗੀਆਂ ਦੀ ਫੀਡ, ਆਂਡੇ ਦੇ ਕਿਸੇ ਵੀ ਕਿਸਮ ਦੇ ਵਹੀਕਲ

j. ਵੈਟੀਲੈਟਰ ਅਤੇ ਆਕਸੀਜਨ ਸਿਲੈਂਡਰ ਵਾਲੇ ਵਹੀਕਲਜ਼

k. ਆਟਾ ਚੱਕੀਆਂ ਅਤੇ ਫਲੋਰ ਮਿਲਾਂ ਦੇ ਵਹੀਕਲਜ਼

l. Disinfectant ਸਪਰੇਅ ਕਰਨ ਵਾਲੇ ਟਰੈਕਟਰ/ਵਹੀਕਲਜ਼

m. ਖਾਦਾਂ, ਬੀਜ ਅਤੇ ਕੀਟਨਾਸ਼ਕ ਦਵਾਈਆਂ ਦੀ ਸਪਲਾਈ ਜਾਂ ਹੋਮ ਡਲੀਵਰੀ ਕਰਨ ਵਾਲੇ ਵਹੀਕਲਜ਼

n. ਬਾਕੀ ਜਿਲ੍ਹਿਆਂ ਤੋਂ ਸਬਜੀ/ਫਲ ਸਪਲਾਈ ਕਰਨ ਵਾਲੇ ਵਹੀਕਲਜ਼

o. ਸੈਨੇਟਾਈਜਰ, ਹਰ ਤਰ੍ਹਾਂ ਸਰਕਾਰ ਵੱਲੋਂ ਪ੍ਰਵਾਨਿਤ ਮਾਸਕ, ਡਿਟਰਜੰਟ, ਨਹਾਉਣ ਅਤੇ ਕਪੜੇ ਧੋਣ ਵਾਲੇ ਸਾਬਣ ਅਤੇ ਹੋਰ ਸਾਫ-ਸਫਾਈ ਨਾਲ ਸਬੰਧਤ ਸਮਾਨ ਜਿਵੇਂ ਕਿ ਪੋਚੇ, Mops, Vipers ਦੀ ਹੋਮ ਡਲਿਵਰੀ ਚਾਰ/ਤਿੰਨ ਪਹਿਆ ਵਾਹਨ ਰਾਹੀਂ ਡੋਰ ਟੂ ਡੋਰ ਜਾਕੇ ਵੇਚਣ ਜਾਂ Online Delivery ਕਰਨ ਦੀ ਛੋਟ (ਸ਼ਰਤਾ ਅਨੁਸਾਰ)।

3. **<u>ਖੇਤੀਬਾੜੀ ਅਤੇ ਹੋਰ ਸੇਵਾਵਾਂ:</u>**

a. ਸਮੂਹ ਆਲੂ ਉਤਪਾਦਕ ਕਿਸਾਨ ਜਿਲ੍ਹਾ ਜਲੰਧਰ ਯਕੀਨੀ ਬਣਾਉਣਗੇ ਕਿ ਆਲੂ ਦੀ ਪਟਾਈ ਦਾ ਕੰਮ ਪਿੰਡ ਵਿੱਚ ਮੌਜੂਦ ਲੇਬਰ ਤੋਂ ਹੀ ਕਰਵਾਇਆ ਜਾਵੇ। ਆਲੂ ਉਤਪਾਦਕਾ ਨੂੰ ਆਲੂ ਕੋਲਡ ਸਟੋਰ ਜਾਂ ਮੰਡੀ ਤੱਕ ਲੈ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ। ਆਲੂਆਂ ਦੀ ਟਰਾਲੀ/ਟਰੱਕ/ਰੇਹੜੇ ਲਈ ਕਿਸੇ ਵੀ ਪਾਸ ਦੀ ਲੋੜ ਨਹੀਂ ਹੋਵੇਗੀ।

b. ਕੰਮ ਤੇ ਲਗਈ ਹੋਈ ਲੇਬਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨਿੱਤ ਵਰਤੋਂ ਯੋਗ ਰਾਸ਼ਨ, ਸੈਨੀਟਾਈਜਰ, ਮਾਸਕ ਆਦਿ ਮੁਹਈਆ ਕਰਵਾਉਣ ਦੀ ਜਿਮੇਵਾਰੀ ਸਬੰਧਤ ਕਿਸਾਨ ਦੀ ਹੋਵੇਗੀ। ਫੱਲ/ਸਬਜੀਆਂ ਦੀ ਟਰਾਲੀ/ਟਰੱਕ/ਰੇਹੜੇ ਲਈ ਕਿਸੇ ਵੀ ਪਾਸ ਦੀ ਲੋੜ ਨਹੀਂ ਹੋਵੇਗੀ।

c. ਆਟਾ ਚੱਕੀਆਂ, ਫਲੋਰ ਮਿਲਾਂ ਨੂੰ ਸਿਰਫ ਹੋਮ ਡਲੀਵਰੀ ਕਰਨ ਦੀ ਛੋਟ ਹੋਵੇਗੀ।

d. ਕਣਕ ਕਟੱਣ ਵਾਲੀਆਂ ਕੰਬਾਇਨਾਂ ਨੂੰ ਬਿਨਾਂ ਪਾਸ ਤੋਂ ਚੱਲਣ ਦੀ ਛੋਟ।

e. ਮਲਟੀਪਰਪਜ਼ ਪ੍ਰਾਇਮਰੀ ਕੋਪਰੇਟਿਵ ਐਗ੍ਰੀਕਲਚਰ ਸਰਵਿਸ ਸੋਸਾਇਟੀਜ਼ ਨੂੰ ਖੋਲਣ ਦੀ ਛੋਟ।

e. Vehicles carrying Bread, bakery, biscuits.
f. LPG Gas Supply Vehicles
g. Petrol, diesel supply vehicles
h. Fodder and Cattle feed Vehicles
i. Poultry chickens, poultry feeds & eggs carrying vehicles
j. Vehicles with ventilators and oxygen cylinders
k. Vehicles of flour mills.
l. Disinfectant spraying tractors / vehicles
m. Vehicles that supply or deliver home fertilizers, seeds and pesticides
n. Vehicles supplying vegetable / fruit from other district
o. Sanitizer, all kinds of government-approved masks, detergents, bath and laundry soaps and other cleaning accessories such as mops, home delivery of Vipers, sold via door-to-door or online delivery on Three or four-wheeler vehicles. (under specific conditions).

3. **<u>Agriculture and other allied services:</u>**

a. All the potato farmers of district Jalandhar will ensure that the potato harvesting work is done through the labour present in the village. Potato producers are allowed to take the produce to Potato Cold Stores or to the market. No pass is required for potato trolley / truck etc.
b. The concerned farmer will be responsible of providing ration, sanitizers, masks, etc. to labour and his family on a daily basis. No pass is required for fruit / vegetable trolley / truck etc.
c. Flour mills will only be allowed for home delivery.
d. Exemption of pass for harvesting machines/combines.
e. Waiver for Opening Multipurpose Primary Cooperative Agricultural Services Societies.

4. **ਬੈਂਕਿੰਗ/ਪੋਸਟ ਆਫਿਸ:**

a. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਪੈਂਦੇ ਸਾਰੇ ਪੋਸਟ ਆਫਿਸਾਂ ਨੂੰ ਸ਼ਰਤਾ ਅਨੁਸਾਰ ਖੋਲਣ ਦੀ ਛੋਟ। ਪੋਸਟ ਆਫਿਸ ਕਰਮਚਾਰੀਆਂ ਦੇ Official ID Card ਹੀ ਉਨ੍ਹਾਂ ਦੇ ਕਰਫਿਊ ਪਾਸ ਸਮਝੇ ਜਾਣ।

b. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਸਾਰੇ ਬੈਂਕ (100% ਬਰਾਂਚਾ ਸਾਰੇ ਬੈਂਕਾਂ ਦੀਆਂ) ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ ਖੁਲ੍ਹਣਗੇ ਅਤੇ ATM 24 ਘੰਟੇ ਖੁਲ੍ਹੇ ਰਹਿਣਗੇ (ਸ਼ਰਤਾ ਅਨੁਸਾਰ)। ਬੈਂਕ ਕਰਮਚਾਰੀਆਂ ਦੇ Official ID Card ਹੀ ਉਨ੍ਹਾਂ ਦੇ ਕਰਫਿਊ ਪਾਸ ਸਮਝੇ ਜਾਣ। ਕੋਈ ਵੀ ਵਿਅਕਤੀ ਜੇਕਰ ਬੈਂਕ ਜਾਂਦਾ ਹੈ ਤਾਂ ਉਸ ਦੀ ਬੈਂਕ ਪਾਸਬੁਕ ਜਾਂ ATM ਜਾਣ ਵਾਲੇ ਵਿਅਕਤੀ ਦਾ ATM Card ਹੀ ਉਸਦਾ ਕਰਫਿਊ ਪਾਸ ਸਮਝਿਆ ਜਾਵੇ। ਬੈਂਕ ਜਾਂ ATM ਜਾਣ ਵਾਲਾ ਵਿਅਕਤੀ ਪੈਦਲ ਹੀ ਜਾਵੇਗਾ, ਉਸਨੂੰ ਕੋਈ ਵੀ ਵਹੀਕਲ ਵਰਤਨ ਦੀ ਮਨਾਹੀ ਹੋਵੇਗੀ।

5. **ਕੈਮਿਸਟ ਦੀਆਂ ਦੁਕਾਨਾਂ:**

a. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਸਾਰੀਆਂ ਦਵਾਈ ਦੀਆਂ ਦੁਕਾਨਾਂ ਦੁਪਿਹਰ 02.00 ਵਜੇ ਤੋਂ ਸ਼ਾਮ 05.00 ਵਜੇ ਤੱਕ ਹਰ ਰੋਜ਼ (ਸਮੇਤ ਐਤਵਾਰ) ਖੁੱਲ੍ਹੀਆਂ ਰਹਿਣਗੀਆਂ। ਐਮਰਜੰਸੀ ਦੌਰਾਨ ਇੱਕ ਪਰਿਵਾਰ ਤੋਂ ਸਿਰਫ ਇੱਕ ਹੀ ਮੈਂਬਰ ਪੈਦਲ ਜਾ ਸਕੇਗਾ ਜਿਸ ਪਾਸ ਡਾਕਟਰ ਦੀ ਲਿਖੀ ਹੋਈ ਪਰਚੀ ਹੋਵੇਗੀ।

6. **ਉਦਯੋਗ:**

a. LPG Bottling Plants ਲਈ Tamper Evident Seals ਦੀ Manufacturing ਦੀ ਛੋਟ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਫੈਕਟਰੀ ਮਾਲਕਾਂ ਵੱਲੋਂ ਉਨ੍ਹਾਂ ਦੀ ਫੈਕਟਰੀ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੇ ਰਹਿਣ ਅਤੇ ਖਾਣ-ਪੀਣ ਦਾ ਫ੍ਰੀ ਪ੍ਰਬੰਧ ਫੈਕਟਰੀ ਅੰਦਰ ਹੀ ਕੀਤਾ ਜਾਵੇਗਾ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਵਰਕਰਾਂ ਨੂੰ ਫੈਕਟਰੀ ਵਿਚ Enter ਕਰਨ ਵਾਸਤੇ ਕੇਵਲ ਇੱਕ ਵਾਰ ਹੀ ਪਾਸ ਜਾਰੀ ਕੀਤਾ ਜਾਵੇਗਾ।

b. ਜਿਲ੍ਹਾ ਜਲੰਧਰ ਵਿੱਚ ਸਾਰੀਆਂ ਫੈਕਟਰੀਆਂ ਨੂੰ ਸ਼ਰਤਾ ਅਨੁਸਾਰ ਚਾਲੂ ਕਰਨ ਦੀ ਛੋਟ।

c. ਜਿਲ੍ਹਾ ਜਲੰਧਰ ਵਿੱਚ ਤਮਾਮ ਭੱਠਿਆਂ ਨੂੰ ਸ਼ਰਤਾ ਅਨੁਸਾਰ ਚਾਲੂ ਕਰਨ ਦੀ ਛੋਟ।

4. **Banking / Post Office:**

a. Exemption to open all post offices within the limits of District Jalandhar under specific conditions. Official ID cards of Post Office Employees will be considered as their Curfew Pass.

b. All banks (100% branch all banks) within the district of Jalandhar will be open from 10:00 am to 05.00 pm and ATMs will be open 24 hours (Under specific conditions). Official ID cards of Bank Employees will be considered as their Curfew Pass. If a person goes to the bank, his / her bank passbook or ATM card of the person going to the ATM should be considered as their curfew pass. Anyone going to the bank or ATM will be prohibited from using any vehicle.

5. **Chemist shops:**

a. All Chemist Shops will be open daily from 02.00 pm to 05.00 pm daily (Including Sunday) within the limits of District Jalandhar. During the emergency, only one member of the family who has a written prescription from the doctor will go on foot to the Chemist shop.

6. **Industries:**

a. Waiver for Manufacturing Units manufacturing Tamper Evident Seals for LPG Bottling Plants is allowed on the condition that factory owners will arrange the living and food of workers working in their factory within the premises of the factory. It is also clarified that the pass will be issued only once for the workers to enter the factory.

b. Waiver of all factories operating in District Jalandhar (under specific condition).

c. Waiver of all Brick Kilns operating in District Jalandhar (under specific condition).

7. **ਕੇਬਲ ਨੈਟਵਰਕ/ਅਖਬਾਰ:**

a. ਕਰਫਿਊ ਦੌਰਾਨ ਜਿਲ੍ਹਾ ਜਲੰਧਰ ਵਿੱਚ ਕਿਸੇ ਵੀ ਵਿਅਕਤੀ ਦਾ ਬਿੱਲ ਨਾ ਦੇਣ ਕਰਕੇ ਕੇਬਲ ਕੁਨੈਕਸ਼ਨ ਨਹੀਂ ਕਟਿਆ ਜਾਵੇਗਾ ਅਤੇ ਨਾ ਹੀ ਕੋਈ ਮੈਨ ਰਿਲੇ ਕਰਨ ਵਾਲਾ ਕਿਸੇ ਛੋਟੇ ਰਿਲੇ ਕਰਨ ਵਾਲੇ ਦਾ ਕੁਨੈਕਸ਼ਨ ਕਟੇਗਾ। ਜਦੋਂ ਇਹ ਮਹਾਮਾਰੀ ਦਾ ਪਰਕੋਪ ਖਤਮ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਰਹਿੰਦੇ ਮਹੀਨਿਆਂ ਦਾ ਬਿੱਲ ਕੇਬਲ ਕੰਪਨੀ ਵਲੋਂ ਵਸੂਲ ਕੀਤਾ ਜਾ ਸਕਦਾ ਹੈ।

   (i) ਕੇਬਲ ਦੇ ਬਿੱਲ ਮਾਫ ਨਹੀਂ ਕੀਤੇ ਗਏ।ਜੇਕਰ ਕੇਬਲ ਕੰਪਨੀ ਦੇ ਕਰਮਚਾਰੀ ਪਾਸ ਲੈਕੇ ਕੇਬਲ ਦੇ ਬਿਲ ਉਗਰ੍ਹਾਨਾ ਚਾਹੁੰਨ ਤਾਂ ਉਗਰਾਹ ਸਕਦੇ ਹਨ। ਇਸ ਤਰ੍ਹਾਂ ਜੇਕਰ ਕੋਈ ਉਗਰ੍ਹਾਉਣ ਤੋਂ ਰਹਿ ਜਾਂਦਾ ਹੈ ਤਾਂ ਕੇਬਲ ਕੰਪਨੀ ਨੂੰ ਖਪਤਕਾਰ ਬਕਾਇਆ ਬਿਲ ਅਦਾ ਕਰਨ ਦੇ ਪਾਬੰਦ ਹੋਣਗੇ।

   (ii) ਜੇਕਰ ਕੇਬਲ ਕੰਪਨੀ ਕੇਬਲ ਦੀ ਰਿਪੇਅਰ ਕਰਨਾ ਚਾਹੁੰਦੀ ਹੈ ਤਾਂ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਕਰਫਿਊ ਪਾਸ ਲੈਕੇ ਰਿਪੇਅਰ ਕਰ ਸਕਦੀ ਹੈ।

b. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਸਵੇਰੇ 4 ਵਜੇ ਤੋਂ ਸਵੇਰੇ 9 ਵਜੇ ਤਕ ਕਿਸੇ ਵੀ ਅਖਬਾਰ ਦੇ ਹਾੱਕਰ (ਘਰ-ਘਰ ਅਖਬਾਰ ਵੰਡਣ ਵਾਲੇ) ਨੂੰ ਰੋਕਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੇ ਪਾਸ ਦੀ ਲੋੜ ਨਹੀਂ ਹੋਵੇਗੀ।

ਇਸ ਸਬੰਧੀ ਇਹ ਯਕੀਨੀ ਬਣਾਇਆ ਜਾਵੇ ਕਿ ਖੇਤਾਂ ਹੋਰ ਕਿਤੇ ਕੰਮ ਕਰਦੇ ਸਮੇਂ 10 ਤੋਂ ਜ਼ਿਆਦਾ ਮਜ਼ਦੂਰ/ਲੇਬਰ ਇੱਕ ਜਗ੍ਹਾਂ ਇਕੱਠੀ ਨਾ ਹੋਵੇ ਅਤੇ ਘੱਟੋ ਘੱਟ ਇੱਕ ਮੀਟਰ ਦੀ ਦੂਰੀ ਬਣਾਏ ਰੱਖਣ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਰੂਰਾਂ ਵਸਤੂਆਂ ਸਪਲਾਈ ਕਰਨ ਵਾਲੇ ਵਾਹਨਾਂ ਵਿੱਚ ਤਿੰਨ ਤੋਂ ਜਿਆਦਾ ਵਿਅਕਤੀ ਨਾ ਬੈਠੇ ਹੋਣ। ਹਰੇਕ ਵਾਹਨ ਵਿੱਚ ਬੈਠੇ ਵਿਅਕਤੀ ਵੱਲੋਂ ਅਤੇ ਖੇਤਾਂ ਵਿੱਚ ਕੰਮ ਕਰਦੇ ਜਾਂ ਉਕਤ ਸੇਵਾਵਾਂ ਪ੍ਰਦਾਨ ਕਰਦੇ ਹਰ ਇੱਕ ਮਜ਼ਦੂਰ/ਲੇਬਰ/ਵਿਅਕਤੀ ਵਲੋਂ ਸੈਨੇਟਾਇਜ਼ਰ/ਮਾਸਕ ਦੀ ਵਰਤੋ ਯਕੀਨੀ ਬਣਾਈ ਜਾਵੇ।

7. **Cable Network / Newspaper:**

a. During the curfew, the cable Provider will not disconnect the cable connection of any person due to non-payment of any bill in the district Jalandhar, nor will any Main-Relayer will disconnect the connection of Small-Relayer. When the outbreak of this disease is over, the bill can be charged by the cable company for the remaining months.

   (i) It is clarified that cable charges/bills have not been waived off. The officials of cable company can take payment after obtaining curfew pass. If during curfew the cable company is not able to collect payment for its services, then the customer will be bound to clear his or her dues after the curfew.

   (ii) If the cable company want to do some repair work then it can do so after obtaining curfew pass from concerned SDM.

b. No newspaper hawker (distributing from house to house) will be stopped from 4 am to 9 am within the limits of District Jalandhar and will not require any kind of curfew pass.

It must be ensured that not more than 10 labourers are assembled in the field while maintaining farms and they will maintain a distance of at least one meter while working. It is also clarified that not more than three persons should be seated in the vehicles supplying any kind of goods. Ensure the use of sanitizer / mask by each person sitting in the vehicle and every worker / labourer / person working in the field or providing the services mentioned above.

ਜਿਲ੍ਹਾ ਮੈਜਿਸਟਰੇਟ,
ਜਲੰਧਰ।

**ਨੰ.  5327-5340/ਐਮ.ਸੀ.4/ਐਮ.ਏ  ਮਿਤੀ- 06.04.2020**

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਮੁੱਖ ਸਕੱਤਰ ,ਪੰਜਾਬ ਸਰਕਾਰ ,ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ ,ਪੰਜਾਬ ਸਰਕਾਰ ,ਸਿਹਤ ਤੇ ਪਰਿਵਾਰ ਭਲਾਈ ਵਿਭਾਗ ,ਚੰਡੀਗੜ੍ਹ।
3. ਕਮਿਸ਼ਨਰ ਜਲੰਧਰ ਮੰਡਲ ,ਜਲੰਧਰ
4. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ
5. ਸਮੂਹ ਉਪ ਮੰਡਲ ਮੈਜਿਸਟਰੇਟ ,ਜਿਲ੍ਹਾ ਜਲੰਧਰ
6. ਕਮਿਸ਼ਨਰ ਨਗਰ ਨਿਗਮ ,ਜਲੰਧਰ
7. ਸਿਵਲ ਸਰਜਨ ,ਜਲੰਧਰ
8. ਜਿਲ੍ਹਾ ਲੋਕ ਸਪੰਰਕ ਅਫਸਰ ,ਜਲੰਧਰ
9. ਸੁਪਪਡੰਟ ਗਰੇਡ-1 ,ਪੀ.ਏ .ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ ,ਸਟੈਨੋ ਟੂ ਏ.ਸੀ (ਜ), ਸਟੈਨੋ ਟੂ ਏ.ਸੀ(ਸ਼ਿ)

ਵਾ .ਜਿਲ੍ਹਾ ਮੈਜਿਸਟਰੇਟ

ਜਲੰਧਰ।